# ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ

ਇਹ ਦਫ਼ਤਰ ਲਿੰਕ ਰੋਡ ਮਾਨਸਾ ਵਿਖੇ ਸਥਿਤ ਹੈ। ਇਸ ਦਾ ਮੁੱਖੀ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਹੁੰਦਾ ਹੈ। ਜਿਸ ਦੀ ਦੇਖ ਰੇਖ ਵਿੱਚ ਸਾਰਾ ਕੰਮ ਚਲਦਾ ਹੈ। ਇਸ ਦਫ਼ਤਰ ਵਿੱਚ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਦੀ ਗੈਰ ਹਾਜ਼ਰੀ ਵਿੱਚ ਕੰਮ ਚਲਾਉਣ ਲਈ ਸਮਾਜਿਕ ਸਿੱਖਿਆ ਅਤੇ ਪੰਚਾਇਤ ਅਫ਼ਸਰ ਹੁੰਦਾ ਹੈ। ਇਸ ਤੋਂ ਇਲਾਵਾ ਇੱਕ ਪੰਚਾਇਤ ਅਫ਼ਸਰ ਸੰਮਤੀ ਸਾਈਡ ਦਾ ਵੀ ਹੁੰਦਾ ਹੈ ਜੋ ਪੰਚਾਇਤਾਂ ਦੇ ਕੰਮ ਦੀ ਦੇਖ ਰੇਖ ਕਰਦੇ ਹਨ। ਬਲਾਕ ਦੀਆਂ ਪੰਚਾਇਤਾਂ ਦਾ ਕੰਮ ਠੀਕ ਢੰਗ ਨਾਲ ਕਰਨ ਲਈ ਪੰਚਾਇਤ ਸਕੱਤਰ ਹੁੰਦੇ ਹਨ। ਪੰਚਾਇਤ ਸਕੱਤਰ ਕੋਲ ਸਬੰਧਤ ਪੰਚਾਇਤ ਦਾ ਚਾਰਜ ਹੁੰਦਾ ਹੈ। ਇਸ ਤੋਂ ਇਲਾਵਾ ਦਫ਼ਤਰ ਵਿੱਚ ਕੰਮ ਲਈ ਸੁਪਰਡੈਂਟ, ਲੇਖਾਕਾਰ ਅਤੇ ਹੋਰ ਕਲਰਕ ਵਗੈਰਾ ਨਿਯੁਕਤ ਕੀਤੇ ਗਏ ਹਨ। ਇਸ ਤੋਂ ਇਲਾਵਾ ਮੁੱਖ ਸੇਵਿਕਾ ਦੀ ਪੋਸਟ ਹੈ ਜੋ ਇਸਤਰੀ ਪ੍ਰੋਗਰਾਮਾਂ ਦੀ ਇੰਚਾਰਜ ਹੈ।

ਸਰਕਾਰ ਵੱਲੋਂ ਪਿੰਡਾਂ ਵਿੱਚ ਸਮੇਂ ਸਮੇਂ ਤੇ ਵਿਕਾਸ ਦੇ ਕੰਮਾਂ ਲਈ ਚਲਾਈਆਂ ਗਈਆਂ ਸਕੀਮਾਂ ਲਾਗੂ ਕਰਨ ਅਤੇ ਇਹਨਾਂ ਦੀ ਦੇਖ-ਰੇਖ ਕਰਨਾ, ਇਸ ਦਫ਼ਤਰ ਦੀ ਜਿੰਮੇਵਾਰੀ ਹੈ। ਇਸੇ ਤਰ੍ਹਾਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਜਿੰਨਾਂ ਦੇ ਮਕਾਨ ਕੱਚੇ ਹਨ ਅਤੇ ਉਹਨਾਂ ਦੀ ਆਮਦਨ ਦਾ ਕੋਈ ਸਾਧਨ ਨਹੀਂ, ਪੱਕੇ ਮਕਾਨ ਬਣਾਉਣ ਲਈ 25000/- ਰੁਪਏ ਦੀ ਗ੍ਰਾਂਟ ਨਵੀਂ ਉਸਾਰੀ ਲਈ, 12500/- ਰੁਪਏ ਦੀ ਗ੍ਰਾਂਟ ਮੁਰੰਮਤ ਲਈ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ। ਇਹ ਗ੍ਰਾਂਟ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ ਗ੍ਰਾਮ ਸਭਾ ਦਾ ਮਤਾ ਪਾ ਕੇ ਲਾਭਪਾਤਰਾਂ ਦੀ ਸ਼ਨਾਖਤ ਕੀਤੀ ਜਾਂਦੀ ਹੈ। ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਦੀ ਸਿਫਾਰਸ਼ ਉਪਰੰਤ ਉਪ ਮੁੱਖ-ਕਾਰਜਕਾਰੀ ਅਫ਼ਸਰ ਵੱਲੋਂ ਗ੍ਰਾਂਟ ਰਲੀਜ ਕਰਕੇ ਰਕਮ ਸਬੰਧਤ ਪੰਚਾਇਤਾਂ ਨੂੰ ਦਿੱਤੀ ਜਾਂਦੀ ਹੈ, ਜੋ ਅੱਗੇ ਤਿੰਨ ਕਿਸ਼ਤਾਂ ਵਿੱਚ ਲਾਭ ਪਾਤਰੀਆਂ ਨੂੰ ਦਿੱਤੀ ਜਾਂਦੀ ਹੈ, ਜਿਸ ਨਾਲ ਉਹ ਪੱਕੇ ਮਕਾਨ ਬਣਾ ਲੈਂਦੇ ਹਨ। ਇਸ ਤੋਂ ਇਲਾਵਾ ਸਰਕਾਰ ਵੱਲੋਂ ਹੋਰ ਸਕੀਮਾਂ ਜਿਵੇਂ ਕਿ ਐਸ.ਜੀ.ਆਰ.ਵਾਈ.ਆਰ.ਡੀ.ਐਫ.ਐਮ.ਪੀ.ਲੈਡ, ਬੰਧਨ ਮੁਕਤ ਗਿਆਰਵੇਂ ਵਿੱਤ ਕਮਿਸ਼ਨ ਦੀ ਗ੍ਰਾਂਟ, ਕੈਟਲ ਫੇਅਰ, ਪਿੰਡਾਂ ਵਿੱਚ ਗਲੀਆਂ ਨਾਲੀਆਂ, ਸਕੂਲਾਂ, ਪੰਚਾਇਤ ਘਰਾਂ, ਧਰਮਸ਼ਾਲਾਂ, ਸ਼ਮਸ਼ਾਨ ਘਾਟ ਲਈ, ਪਿੰਡਾਂ ਵਿੱਚ ਖੇਡਾਂ ਦਾ ਸਮਾਨ ਖਰੀਦਣ ਆਦਿ ਉਪਰ ਦੱਸੀਆਂ ਸਕੀਮਾਂ ਅਧੀਨ ਗ੍ਰਾਂਟਾਂ ਦਿੱਤੀਆਂ ਜਾਂਦੀਆਂ ਹਨ ਜੋ ਪੰਚਾਇਤ ਰਾਹੀਂ ਖਰਚ ਕੀਤੀਆਂ ਜਾਂਦੀਆਂ ਹਨ। ਖਰਚ ਕਰਨ ਉਪਰੰਤ ਪੰਚਾਇਤ ਵੱਲੋਂ ਖਰਚੇ ਦੀਆਂ ਰਸੀਦਾਂ ਦੀ ਫਾਈਲ ਤਿਆਰ ਕੀਤੀ ਜਾਂਦੀ ਹੈ, ਜਿਸ ਅਨੁਸਾਰ ਜੂਨੀਅਰ ਇੰਜੀਨੀਅਰ ਮਿਣਤੀ ਕਰਕੇ ਇਹ ਵੇਖਦੇ ਹਨ ਕਿ ਪੰਚਾਇਤ ਵੱਲੋਂ ਕੀਤਾ ਗਿਆ ਕੰਮ ਅਨੁਮਾਨ ਅਨੁਸਾਰ ਠੀਕ ਹੈ ਜਾਂ ਨਹੀਂ। ਨਾਂ ਠੀਕ ਹੋਣ ਦੀ ਸੂਰਤ ਵਿੱਚ ਜੋ ਘਾਟਾ ਜੂਨੀਅਰ ਇੰਜੀਨੀਅਰ ਵੱਲੋਂ ਦੱਸਿਆ ਜਾਂਦਾ ਹੈ, ਉਸ ਅਨੁਸਾਰ ਸਰਪੰਚਾਂ ਨੂੰ ਹੋਰ ਕੰਮ ਕਰਾਉਣ ਜਾਂ ਬਣਦੀ ਰਕਮ ਜਮਾਂ ਕਰਾਉਣ ਦੇ ਆਦੇਸ਼ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਇਹ ਸਾਰਾ ਕੰਮ ਬਲਾਕ ਅਧਿਕਾਰੀ ਦੀ ਦੇਖ-ਰੇਖ ਹੇਠ ਕਰਵਾਇਆ ਜਾਂਦਾ ਹੈ। ਇਸ ਦਾ ਅਧਿਕਾਰ ਖੇਤਰ ਕੇਵਲ ਪਿੰਡਾਂ ਤੱਕ ਹੀ ਸੀਮਤ ਹੈ। ਸ਼ਹਿਰਾਂ ਵਿੱਚ ਮਿਉਂਸਪਲ ਕਮੇਟੀਆਂ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ।